**ਪੰਜਾਬ ਸਰਕਾਰ**
**ਮਕਾਨ ਉਸਾਰੀ ਸ਼ਹਿਰੀ ਵਿਕਾਸ ਵਿਭਾਗ**
**(ਮਕਾਨ ਉਸਾਰੀ-2 ਸ਼ਾਖਾ)**

ਸੇਵਾ ਵਿਖੇ

ਮੁੱਖ ਨਗਰ ਯੋਜਨਾਕਾਰ ਪੰਜਾਬ,
ਚੰਡੀਗੜ੍ਹ।

ਮੀਮੋ ਨੰ: 17/66/2008-3ਮਉ2/4235 ਮਿਤੀ,
ਚੰਡੀਗੜ੍ਹ: 27/6/08

**ਵਿਸ਼ਾ:** **ਰਾਇਸ ਸੈਲਰਾਂ ਅਤੇ ਭੱਠਿਆਂ ਦੇ ਸੰਬੰਧ ਵਿੱਚ ਪਾਵਰਾਂ ਜ਼ਿਲ੍ਹਾਂ ਪੱਧਰ ਤੇ ਡੈਲੀਗੇਟ ਕਰਨ ਬਾਰੇ**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦੇ ਨੋਟ ਨੰ : 4368-CTP (Pb)/SP-432(Gen) ਮਿਤੀ 30-04-2008 ਦੇ ਹਵਾਲੇ ਵਿੱਚ।

2. ਆਪ ਵੱਲੋਂ ਭੇਜੀ ਗਈ ਤਜਵੀਜ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਰਾਇਸ ਸੈਲਰਾਂ ਅਤੇ ਭੱਠਿਆਂ ਦੇ ਕੇਸਾਂ ਵਿੱਚ, ਜੇਕਰ ਸਾਈਟ ਗਾਈਡ ਲਾਈਨਜ਼ ਦੀ ਪੂਰਤੀ ਕਰਦੀ ਹੋਵੇ ਤਾਂ ਸੀ.ਐਲ.ਯੂ./ਈ.ਡੀ.ਸੀ ਅਤੇ ਲਾਇਸੰਸ ਫੀਸ ਜਮ੍ਹਾਂ ਕਰਵਾਉਣ ਉਪਰੰਤ ਐਨ.ਓ.ਸੀ. ਜਾਰੀ ਕਰਨ ਦੇ ਅਧਿਕਾਰ ਜ਼ਿਲ੍ਹਾ ਨਗਰ ਯੋਜਨਾਕਾਰ ਨੂੰ ਦਿੱਤੇ ਜਾਣ ਅਤੇ ਇਹ ਐਨ. ਓ. ਸੀ. ਹੀ. ਸੀ.ਐਲ.ਯੂ ਸਮਝਿਆ ਜਾਵੇ ਇਹ ਪਾਵਰਾਂ ਇਸ ਸ਼ਰਤ ਤੇ ਜ਼ਿਲ੍ਹਾਂ ਨਗਰ ਯੋਜਨਾਕਰਾਂ ਨੂੰ ਡੈਲੀਗੇਟ ਕੀਤੀਆਂ ਜਾਂਦੀਆਂ ਹਨ ਕਿ ਉਹ ਜਾਰੀ ਕੀਤੇ ਐਨ.ਓ.ਸੀ.ਬਾਰੇ ਰਿਪੋਰਟ ਹਰ ਮਹੀਨੇ ਦੀ 7 ਤਾਰੀਖ ਤੱਕ ਮੁੱਖ ਨਗਰ ਯੋਜਨਾਕਾਰ ਨੂੰ ਭੇਜਣਗੇ ਅਤੇ ਮੁੱਖ ਨਗਰ ਯੋਜਨਾਕਾਰ ਘੱਟੋ-ਘੱਟ ਅਜਿਹੇ ਕੇਸਾਂ ਵਿੱਚੋ ˙ 10× ਕੇਸਾਂ ਦੀ ਰੈਂਡੰਮ ਚੈਕਿੰਗ ਵੀ ਕਰਿਆ ਕਰਨਗੇ ਕਿ ਕਿਸੇ ਕੇਸ ਵਿੱਚ ਕੋਈ ਖਾਮੀ ਤਾਂ ਨਹੀ ˙ ਰਹਿ ਗਈ। ਇਸ ਬਾਰੇ ਉਹ (ਸੀ.ਟੀ.ਪੀ) ਆਪਣੀ ਰਿਪੋਰਟ ਹਰ ਮਹੀਨੇ ਦੀ 30 ਤਾਰੀਖ ਤੱਕ ਸਰਕਾਰ ਨੂੰ ਭੇਜਣ।

ਸੁਪਰਡੰਟ

**ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ**

ਪਿੱਠ ਅੰਕਣ ਨੰ 5462-80 ਸੀਟੀਪੀ(ਪਬ)/SP-432(Gen) ਮਿਤੀ: 27/6/08

ਇਸ ਦਾ ਇੱਕ ਉਤਾਰਾ ਸਮੂਹ:

1. ਸੀਨੀਅਰ ਨਗਰ ਯੋਜਨਾਕਾਰ
2. ਜਿਲਾ ਨਗਰ ਯੋਜਨਾਕਾਰ
3. ਡਿਪਟੀ ਜਿਲਾ ਨਗਰ ਯੋਜਨਾਕਾਰ

ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਚੇਜ਼ ਆਫ ਲੈਂਡਯੂਜ਼ ਚਾਰਜ਼ਿਂ ਉਨ੍ਹਾਂ ਵੱਲੋਂ ਪ੍ਰਾਪਤ ਕਰਕੇ ਸਰਕਾਰੀ ਖਜਾਨੇ ਵਿੱਚ ਜਮ੍ਹਾਂ ਕਰਵਾਏ ਜਾਣੇ ਹਨ। ਈਡੀਸੀ ਅਤੇ ਲਾਈਸੈਂਸਿੰਗ ਫੀਸ ਦਾ ਡਰਾਫਟ ਮੁੱਖ ਪ੍ਰਸਾਸ਼ਕ ਸੰਬੰਧਤ ਡਿਵੈਲਪਮੈਂਟ ਅਥਾਰਿਟੀ ਦੇ ਨਾਂ ਤੇ ਪ੍ਰਾਪਤ ਕਰਕੇ ਉਨ੍ਹਾਂ ਨੂੰ ਭੇਂ ਦਿੱਤਾ ਜਾਇਆ ਕਰੋ

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।